Purva Mimaansa | Refereed | Peer Reviewed
ISSN: 0976-0237 | Volume 16, Issue: Sep. 2025 | Impact Factor 4.765

# ਗੁਰੂ ਨਾਨਕ ਬਾਣੀ ਵਿਚ ਰਾਗ ਅਤੇ ਸੰਗੀਤਮਈ ਮਹੱਤਵ

ਨਿਰਵੈਰ ਸਿੰਘ
ਮੁਖੀ, ਪੰਜਾਬੀ ਵਿਭਾਗ ਐਸ.ਡੀ. ਕਾਲਜ, ਅੰਬਾਲਾ

ਗੁਰੂ ਨਾਨਕ ਬਾਣੀ ਦਾ ਜਿਥੇ ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਮਹੱਤਵ ਹੈ। ਭਾਵ ਇਹ ਬਾਣੀ ਸਿਰਫ ਅਧਿਆਤਮਕ ਅਤੇ ਨੈਤਿਕ ਜਾਂ ਆਤਮਿਕ ਸੰਦੇਸ਼ ਹੀ ਨਹੀਂ ਦਿੰਦੀ ਸਗੋਂ ਸੰਗੀਤਕ ਦ੍ਰਿਸ਼ਟੀ ਤੋਂ ਵੀ ਵਿਸ਼ੇਸ਼ ਮਹੱਤਵ ਰਖਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦਾਂ ਭਾਵ ਗੁਰਬਾਣੀ ਨੂੰ ਸੰਪੂਰਨ ਰਾਗਬੱਧ ਕੀਤਾ, ਤਾਂ ਜੋ ਧਾਰਮਿਕ ਅਨੁਭਵ ਗਾਇਨ ਰੂਪ ਵਿਚ ਭਾਵਪੂਰਨ ਢੰਗ ਨਾਲ ਪ੍ਰਗਟ ਹੋ ਸਕੇ। ਰਾਗਾਂ ਦੀ ਵਰਤੋਂ ਭਾਵ ਹਰੇਕ ਰਾਗ ਵਿਸ਼ੇਸ਼ ਭਾਵਨਾ ਜਾਗਰੂਕ ਕਰਦਾ ਹੈ। ਜਿਵੇਂ ਗੁਰੂ ਸਾਹਿਬ ਜੀ ਨੇ 'ਸ਼੍ਰੀ ਰਾਗ' ਰਾਹੀਂ ਗੰਭੀਰਤਾ ਅਤੇ ਅਧਿਆਤਮਿਕ ਚਿੰਤਨ, 'ਰਾਗ ਸੋਰਠਿ' ਰਾਹੀਂ ਉਤਸਾਹ ਅਤੇ ਪ੍ਰੇਰਨਾ, 'ਰਾਗ ਸੂਹੀ' ਰਾਹੀਂ ਪ੍ਰਭੂ ਪ੍ਰੇਮ ਅਤੇ ਭਾਵਨਾਤਮਕ ਜੋੜ ਅਤੇ 'ਰਾਗ ਧਨਾਸਰੀ' ਸ਼ਾਂਤੀ ਤੇ ਸੰਤੁਸ਼ਟੀ ਦੀ ਭਾਵਨਾ ਜਾਹਰ ਕਰਦਾ ਹੈ। ਸਾਰੇ ਹੀ ਰਾਗਾਂ ਦੀ ਵਰਤੋਂ ਅਰਥਪੂਰਨ ਢੰਗ ਨਾਲ ਕੀਤੀ ਗਈ ਹੈ, ਸ਼ਬਦਾਂ ਦੀ ਅਰਥ ਭਾਵਨਾ ਅਨੁਸਾਰ ਹੀ ਰਾਗਾਂ ਦੀ ਵਰਤੋਂ ਹੋਈ ਹੈ ਜਿਵੇਂ ਗੁਰੂ ਨਾਨਕ ਬਾਣੀ ਦਾ ਸ਼ਬਦ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਪ੍ਰੇਮ ਅਤੇ ਸਮਰਪਣ ਨੂੰ ਪ੍ਰਗਟ ਕਰਦਾ ਹੈ 'ਸੋ ਦਰ ਕੇਹਾ ਸੋ ਘਰ ਕੇਹਾ' ਉਤਸਾਹ ਅਤੇ ਭਗਤੀ ਭਾਵਨਾ ਦਾ ਪ੍ਰਤੀਕ ਅਤੇ ਸ਼ਬਦ 'ਇਹ ਸਰੀਰੁ ਸਭਨਾ ਦਾ ਥਾਉ' ਜੀਵਨ ਦੀ ਅਸਥਿਰਤਾ ਤੇ ਗੰਭੀਰ ਚਿੰਤਨ ਦਾ ਪ੍ਰਤੀਕ ਹੈ। ਇਹ ਰਾਗ ਕੋਈ ਧੁਨਆਤਮਕ ਪੱਖ ਨਹੀਂ ਸਗੋਂ ਅਧਿਆਤਮਕ ਸੰਦੇਸ਼ ਨੂੰ ਗਹਿਰਾਈ ਨਾਲ ਸਮਝਾਉਣ ਦਾ ਸਾਧਨ ਵੀ ਹਨ।

ਸਮੁਚੇ ਸੰਸਾਰ ਦਾ ਅਧਿਆਤਮਕ ਅਤੇ ਧਾਰਮਿਕ ਸਾਹਿਤ ਜਾਂ ਤਾਂ ਕਵਿਤਾ ਵਿਚ ਲਿਖਿਆ ਮਿਲਦਾ ਹੈ, ਜਾਂ ਕਵਿਤਾ ਵਰਗੀ ਵਾਰਤਾ ਵਿਚ ਲਿਖਿਆ ਮਿਲਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਭਾਵ ਲਿਖਤ ਸਰੂਪ ਨੂੰ ਵੇਖਿਏ ਤਾਂ ਇਹ "ਬਾਣੀ" ਰਚਨਾ ਪਾਠ ਵਜੋਂ ਨੇਮਬੱਧ ਰੂਪ ਵਿਚ ਸ਼ਾਮਲ ਹੈ। ਬਾਣੀ ਦੇ ਸੰਕਲਨ ਦਾ ਮੂਲ ਆਧਾਰ ਸੰਗੀਤ ਨੂੰ ਬਣਾਇਆ ਗਿਆ ਹੈ ਅਤੇ ਸੰਗੀਤ ਦਾ ਮੂਲ ਆਧਾਰ ਰਾਗ ਪ੍ਰਬੰਧ ਗੁਰਬਾਣੀ ਦਾ ਮੂਲ ਆਧਾਰ ਬਣਿਆ ਹੈ। ਬਾਣੀ ਦੇ ਸੰਕਲਪ ਵਿਚ ਰਾਗ ਸਿਰਫ ਦਿਖਾਵੇ ਜਾਂ ਅਨੁਸਰਨ ਦਾ ਧਾਰਨੀ ਨਹੀਂ, ਸਗੋਂ ਬਾਣੀ ਦੀ ਪ੍ਰਕਿਰਤੀ ਅਤੇ ਰਾਗ ਦੀ ਪ੍ਰਕਿਰਤੀ ਵਿਚਲੀ ਸਮਭਾਵੀ ਨਿਰੰਤਰ ਸਮਰਸਤਾ ਇਨ੍ਹਾਂ ਵਿਚ ਅਟੁੱਟ ਕੜੀ ਦਾ ਕੰਮ ਕਰਦੀ ਹੈ।

ਰਾਗ ਭਾਰਤੀ ਸੰਗੀਤ ਦਾ ਇਕ ਸੰਜੀਵ ਅਨੋਖਾ ਅਤੇ ਵੱਖਰਾ ਅੰਗ ਹੈ। ਰਾਗ ਦੀ ਰਚਨਾ ਦਾ ਮੂਲ ਆਧਾਰ ਰੰਜਕਤਾ ਵਿਚ ਹੈ। ਰੰਜਕਤਾ ਦਾ ਅਰਥ ਹੈ ਰੰਗ ਦੇਣ ਦੀ ਸ਼ਕਤੀ, ਜਿਸ ਵਿਚ ਆਵਾਜ ਦੀ




PURVA MIMAANSA

ਲੋਚਾਤਮਕ ਸ਼ਕਤੀ ਦੀ ਵਰਤੋਂ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਕ ਭਾਵ ਪੂਰਨ ਗੀਤ ਨੂੰ ਨਿਸ਼ਚਿਤ ਵੇਗ ਵਿਚ ਰੰਗਿਆ ਜਾ ਸਕਦਾ ਹੈ ਅਤੇ ਰਾਗ ਧੁਨ ਵਿਚ ਰੰਗੀਆਂ ਮਨ ਸੁੱਖ-ਦੁੱਖ, ਆਸ਼ਾ-ਨਿਰਾਸ਼ਾ ਤੋਂ ਮੁਕਤ ਹੋ ਕੇ ਪਰਮ ਆਨੰਦ ਦੀ ਦਸ਼ਾ ਦਾ ਸੁਆਦ ਮਾਨਣ ਦੇ ਸਮਰਥ ਹੋ ਜਾਂਦਾ ਹੈ। ਰਾਗਾਂ ਦੀ ਉਪਜ ਅਤੇ ਵਰਤੋਂ ਮਨੁੱਖੀ ਚੌਗਿਰਦੇ ਉਤੇ ਵੀ ਇਕ ਭਾਵਨਾਤਮਕ ਜਿੱਤ ਹੈ। ਨਾਲ ਇਹ ਵੀ ਜਿਕਰਯੋਗ ਨੁਕਤਾ ਹੈ ਕਿ ਨਾਦ ਨੂੰ ਸੁਰ ਵਿਚ ਢਾਲਣ ਦਾ ਹੁਨਰ ਮਨੁੱਖ ਦੀ ਸੂਝ ਦੇ ਜਨਮ ਕਾਲ ਤੋਂ ਹੀ ਲਭ ਲਿਆ ਗਿਆ ਸੀ, ਵੈਦਿਕ ਯੁੱਗ ਵਿਚ ਸੁਰ ਦੇ ਤਿੰਨ ਭਾਗ ਉਦਾਤ, ਅਨੁਦਾਤ ਅਤੇ ਸਵਰਿਤ ਤੋਂ ਆਰੰਭ ਕਰਦੇ ਸੱਤ ਤਰ੍ਹਾਂ ਦੇ ਸੁਰ ਲਭ ਲਏ ਗਏ। ਬਾਹਰਵੀਂ ਸਦੀ ਦੇ ਕਵੀ ਜੈਦੇਵ ਦੀ ਰਚਨਾ 'ਗੀਤ ਗੋਬਿਦ' ਵਿਚ ਰਾਗਾਂ ਦੇ ਨਾਮ ਅਸ਼ਟਪਤੀਆਂ ਦੇ ਸਿਰਲੇਖ ਹੇਠ ਦਰਜ ਕੀਤੇ ਗਏ ਹਨ। ਵਿਚਰਦੇ ਸਮੇਂ ਤਕ ਰਾਗ ਗਿਣਤੀ ਵਿਚ ਘੱਟਦੇ ਵੱਧਦੇ ਰਹੇ ਹਨ।

ਰਾਗ ਕਵਿਤਾ ਦੀ ਆਤਮਾ ਅਤੇ ਸ਼ਕਤੀ ਦੇ ਨਾਲ ਨਾਲ ਉਸ ਵਿਚਲਾ ਕਵੀ ਦਾ ਕਾਵਿ-ਅਨੁਭਵ ਹੁੰਦਾ ਹੈ। ਅਨੁਭਵ ਦੀ ਵਿਸ਼ਾਲਤਾ ਗਹਿਰਾਈ ਅਤੇ ਪਕੜ ਤੋਂ ਬਗੈਰ ਕਵਿਤਾ ਸੱਖਣੀ ਅਤੇ ਰਸਹੀਣ ਹੋ ਜਾਂਦੀ ਹੈ। ਗੁਰਬਾਣੀ ਦੇ ਮੋਢੀ ਗੁਰ ਨਾਨਕ ਦੇਵ ਜੀ ਬਾਣੀ ਦੀ ਵੀ ਮੁੱਖ ਵਿਸ਼ੇਸ਼ਤਾ ਉਸਦੇ ਵਿਸ਼ੇ ਦੇ ਨਾਲ-ਨਾਲ ਰਾਗਾਂ ਦੀ ਰਵਾਨਗੀ ਵੀ ਹੈ। ਕਿਉਂਕਿ ਗੁਰੂ ਸਾਹਿਬ ਦਾ ਅਨੁਭਵ ਮੌਲਿਕ ਹੈ, ਗੁਰੂ ਨਾਨਕ ਸਾਹਿਬ ਜੀ ਨੇ ਰਹੱਸ (ਕੁਦਰਤ) ਦੀਆਂ ਗੱਲਾਂ ਕਰਦਿਆਂ ਸਮਾਜਕ ਸਮੱਸਿਆਵਾਂ ਨੂੰ ਵੀ ਬੌਧਿਕ ਅਤੇ ਭਾਵ ਪੱਧਰ ਤੇ ਮਹਿਸੂਸ ਕਰਕੇ ਰਾਗਾਂ ਦੀ ਰਵਾਨਗੀ ਅਤੇ ਸ਼ਕਤੀ ਨਾਲ ਜੋੜ ਕੇ ਵਿਸ਼ਾਲ ਬਣਾਇਆ। ਭਾਵੇਂ ਇਨ੍ਹਾਂ ਰਾਗਾਂ ਦਾ ਆਧਾਰ ਉਸ ਸਮੇਂ ਦੇ ਭਜਨ ਕੀਰਤਨ ਸੂਫੀ ਗਾਇਕ ਪਰੰਪਰਾ, ਤਾਨ ਸੈਨ, ਬੈਜੂ, ਬਖਸ਼ੂ ਆਦਿ ਦੀਆਂ ਕਹਾਣੀਆਂ, ਬਾਰਾਂ ਸਾਲ ਅਕਬਰ ਦਰਬਾਰੀ ਦਾ ਲਾਹੌਰ ਟਿਕਾਣਾ, ਪੰਜਾਬ ਦੇ ਰਬਾਬੀ ਘਰਾਨੇ, ਵਾਰਾਂ ਅਤੇ ਢਾਡੀ ਪਰੰਪਰਾ ਨਾਲ ਲੋਕ ਜੁੜਾਅ ਬਿਨਾਂ ਸੰਭਵ ਨਹੀਂ ਹੋ ਸਕਿਆ। ਸਮੂਚੀ ਬਾਣੀ 31 ਰਾਗਾਂ ਵਿਚ ਦਰਜ ਹੈ। ਗੁਰੂ ਨਾਨਕ ਬਾਣੀ 18 ਰਾਗਾਂ ਵਿਚ ਦਰਜ ਹੈ। ਇਹ ਰਾਗ ਸਿਰੀ ਮਾਝ, ਗਾਉੜੀ, ਆਸਾ, ਗੁਜਰੀ, ਵਡਹੰਸ, ਧਨਾਸਰੀ, ਸੋਰਠ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਮਲਾਰ ਤੇ ਪ੍ਰਭਾਤੀ ਹਨ। ਗੁਰੂ ਨਾਨਕ ਦੇਵ ਜੀ ਨੇ ਸਾਰੀ ਬਾਣੀ ਗਾ ਕੇ ਰਾਗਬੱਧ ਕੀਤੀ, ਬਾਣੀ ਦਾ ਵੀ ਅਸਲੀ ਸਰੂਪ ਰਾਗਬੱਧ ਕੀਰਤਨ ਹੈ। ਕੀਰਤਨ ਲਈ ਰਾਗਾਂ ਦਾ ਗਿਆਨ ਅਤੇ ਗਾਉਣ ਅਭਿਆਸ ਜਰੂਰੀ ਹੈ। ਬਾਣੀ ਦੀ ਸ਼ਬਦਾਵਲੀ ਅਤੇ ਵਹਿਣ ਨੂੰ ਰਾਗਾਂ ਦੀਆਂ ਲੋਕਾਂ ਅਨੁਸਾਰ ਨਿਵਰਤ ਕੀਤਾ ਹੋਇਆ ਹੈ।

ਰਾਗਾਂ ਦਾ ਸਮੇਂ, ਮੌਸਮ, ਪਹਿਰ, ਦੇਸ਼ ਅਤੇ ਰਸ ਆਦਿ ਨਾਲ ਸੰਬੰਧ ਹੁੰਦਾ ਹੈ। ਅਗੇ ਕਈ ਰਾਗ ਰਾਗਦੀਆਂ ਵਿਚ ਵੰਡੇ ਜਾਂਦੇ ਹਨ। ਰਾਗਾਂ ਦੇ ਮਿਲਾਪ ਤੋਂ ਨਵੇਂ ਰਾਗ ਬਣ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਵਲੋਂ ਵਰਤੇ ਸਾਰੇ ਰਾਗਾਂ ਵਿਚ ਇਹ ਗੱਲਾਂ ਢੁਕੱਦੀਆਂ ਹਨ। ਗੁਰੂ ਨਾਨਕ ਦੇਵ ਜੀ ਵਲੋਂ ਵਰਤੇ ਸਾਰੇ ਰਾਗਾਂ ਵਿਚ ਇਹ ਗੱਲਾਂ ਢੁਕੱਦੀਆਂ ਹਨ। ਗੁਰੂ ਸਾਹਿਬ ਨੇ ਸਰਦ ਰੁੱਤ ਲਈ ਰਾਗ ਤੁਖਾਰੀ, ਵਡਹੰਸ, ਮਾਰੂ,

ਪ੍ਰਭਾਤੀ ਆਦਿ ਵਰਤੇ ਹਨ। ਦੂਜੇ ਪਾਸੇ ਮੀਂਹ ਰੁੱਤ ਦੇ ਰਾਗ ਤਿਲੰਗ, ਸਾਰੰਗ ਅਤੇ ਮਲਾਰ ਵਰਤੇ ਹਨ। ਸਮੇਂ ਅਨੁਸਾਰ ਆਸਾ ਅਤੇ ਰਾਮਕਲੀ ਅਮ੍ਰਿਤ ਵੇਲੇ ਲਈ ਰਾਗ ਦੁਪਹਿਰ ਵੇਲੇ, ਲਈ ਸ਼ਾਮ ਵੇਲੇ ਅਤੇ ਲਈ ਅੱਧੀ ਰਾਤੀਂ ਗਾਉਣ ਵਾਲੇ ਰਾਗ ਹਨ। ਗੁਰੂ ਸਾਹਿਬ ਵਲੋਂ ਵਰਤੇ ਕਈ ਰਾਗ ਖੇਤਰ ਪ੍ਰਧਾਨ ਹਨ। ਜਿਵੇਂ ਮਾਝਾ ਨਿਰੋਲ ਪੰਜਾਬੀ ਰਾਗ ਹੈ, ਰਾਮਕਲੀ ਰਾਗ ਜੰਗਾਂ ਵਿਚ ਆਸਾ ਰਾਗ ਅਤੇ ਸੂਹੀ ਰਾਗ ਪ੍ਰਸਿਧ ਸੀ, ਮੁਸਲਮਾਨਾਂ ਵਿਚ ਸਿਰੀ, ਗਾਉੜੀ, ਸਾਰੰਗ ਅਤੇ ਮਲਾਰ ਰਾਗ ਹਿੰਦੂ ਧਰਮ ਪੰਰਪਰਾ ਵਿਚ ਪਸੰਦ ਹੈ। ਗੁਜਰੀ ਰਾਗ ਗੁਜੱਰ ਕਬੀਲੇ ਤੋਂ ਆਇਆ ਹੈ।

ਰਾਗਾਂ ਦੀ ਸਮੱਝ ਅਤੇ ਵਰਤੋਂ ਭਾਰਤੀ ਸੰਗੀਤ ਪਰੰਪਰਾ ਵਿਚ ਗੁਰੂ ਸਾਹਿਬ ਦੇ ਵਿਸ਼ਾਲ ਸੰਗੀ ਅਧਿਐਣ ਦਾ ਪ੍ਰਤੱਖ ਸਬੂਤ ਹੈ। ਗੁਰੂ ਸਾਹਿਬ ਨੇ ਉੱਤਰ ਭਾਰਤੀ ਸੰਗੀਤ ਸ਼ੈਲੀ ਦੇ ਨਾਲ ਨਾਲ ਦੱਖਣੀ ਭਾਰਤੀ ਸੰਗੀਤ ਸ਼ੈਲੀ ਨੂੰ ਵੀ ਵਰਤਿਆ। ਦੱਖਣ ਭਾਰਤੀ ਰਾਗ ਗਾਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ ਰਾਗ ਬਾਣੀ ਗਾਇਣ ਵਿਚ ਵਰਤੇ।

ਗੁਰੂ ਨਾਨਕ ਸਾਹਿਬ ਜੀ ਦੇ ਰਾਗਾਂ ਦਾ ਪਿਛੋਕੜ ਭਾਵੇਂ ਭਾਰਤੀ ਸੰਗੀਤ ਸ਼ਾਸਤਰ ਨਾਲ ਜੁੜਦਾ ਹੈ। ਪਰ ਇਨ੍ਹਾਂ ਰਾਗਾਂ ਦਾ ਸਰੂਪ ਕਿਹੜੀ ਪਰੰਪਰਾ ਨਾਲ ਜੁੜੇ ਇਸਦਾ ਨਿਤਾਰਾ ਕਰਨਾ ਮੁਸ਼ਕਿਲ ਹੈ। ਕਲਾ ਦੇ ਵਿਕਾਸ ਵਿਚ ਸ਼ਾਸਤਰ ਦੀ ਲੋੜ ਦੋ ਵਾਰ ਪੈਂਦੀ ਹੈ, ਪਹਿਲੀ ਵਾਰ ਜਦੋਂ ਕਲਾ ਵਿਕਾਸ ਦਾ ਆਰੰਭਕ ਕਾਲ ਹੁੰਦਾ ਹੈ। ਦੂਜੀ ਵਾਰ ਕਲਾ ਦੇ ਢੱਲਦੇ ਸਮੇਂ ਉਸਦੀ ਖਤਮ ਹੁੰਦੀ ਸ਼ਕਤੀ ਨੂੰ ਠਲ ਪਾਉਣ ਲਈ ਵਰਤੀ ਜਾਂਦੀ ਹੈ, ਪੰਜਾਬ ਦੇ ਚਿੰਤਨਸ਼ੀਲ ਕਲਾਮਈ ਜੀਵਨ ਵਿਚ ਦੋਵੇਂ ਦੌਰ ਭਰਪੂਰੀ ਵਿਚ ਗੁਜਰੇ, ਗੁਰੂ ਸਾਹਿਬ ਨੇ ਵੀ ਵੱਖ-ਵੱਖ ਥਾਈਂ ਕਲਾਸਕੀ ਪੁਰਾਤਨ ਬੰਧਨਾਂ ਤੋਂ ਆਪਣੇ ਰਾਗਾਂ ਨੂੰ ਮੁਕਤ ਕਰਕੇ ਕਈ ਥਾਈਂ ਲੋਕ ਵਾਰਾਂ ਦੀ ਘੁਨ ਤੇ ਗਾਉਣ ਦਾ ਸੰਦੇਸ਼ ਵੀ ਦਿੱਤਾ।

ਗੁਰੂ ਨਾਨਕ ਬਾਣੀ ਦੀ ਰਾਗਮਾਲਾ ਵਿਚ ਵਿਭਿੰਨ ਮੱਤਾਂ-ਮਤਾਂਦਰਾਂ ਦੇ ਰਾਗਭੇਦ ਨੂੰ ਵਿਚਾਰਦਿਆਂ ਅਨੇਕਾਂ ਗੁੰਝਲਾਂ ਤੋਂ ਉਪਜਦੇ ਵਿਰੋਧਾਭਾਸ਼ਾ ਤੋਂ ਪਾਰ ਝਾਕਣੀ ਦੀ ਸ਼ਕਤੀ, ਸਮੇਂ ਅਤੇ ਸੰਸਥਾਵਾਂ ਦੇ ਸਾਂਝੇ ਉਜਾਲੇ ਰਾਹੀਂ ਹੱਥ ਆ ਸਕਦੀ ਹੈ। ਡੂੰਘੀ ਖੋਜ ਦੇ ਖੋਜੀਆਂ ਨੇ ਨਾਨਕ ਬਾਣੀ ਦੀ ਰਾਗਮਾਲਾ ਨੂੰ ਸਭ ਤੋਂ ਪੁਰਾਨੀ ਰਾਗਮਾਲਾ ਦੱਸਿਆ ਹੈ।

ਹਵਾਲੇ ਅਤੇ ਫੁੱਟ ਨੋਟ :

1. ਡਾ. ਅੰਮ੍ਰਿਤਪਾਲ ਕੌਰ, ਗੁਰਮਤਿ ਕਾਵਿ, ਪੰਨਾ-41
2. ਪ੍ਰੋ. ਰਤਨ ਸਿੰਘ ਜੋਗੀ, ਖੋਜ ਪਤ੍ਰਿਕਾ (ਅੰਕ-) ਪੰਨਾ-225
3. .............ਉਹੀ.............. ਪੰਨਾ 227
4. .............ਉਹੀ.............ਪੰਨਾ 228-230